ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ),ਪੰਜਾਬ, ਚੰਡੀਗੜ੍ਹ।
(ਸੈਕੰਡਰੀ ਸਿੱਖਿਆ ਸਾਖਾ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਸ),
ਪੰਜਾਬ।

ਮੀਮੋ ਨੰ: 10/103-09 ਸੈ:ਸਿ (3)
ਮਿਤੀ, ਚੰਡੀਗੜ੍ਹ : 1-2-2011

ਵਿਸਾ :- ਸ੍ਰੀ ਸਤਿਗੁਰ ਰਾਮ ਸਿੰਘ ਜੀ ਵੱਲੋਂ ਦੇਸ ਦੀ ਅਜਾਦੀ ਲਈ ਚਲਾਏ ਸਰਵ ਪ੍ਰਥਮ ਕੂਕਾ ਅੰਦੋਲਨ ਦੇ 150 ਸਾਲਾ ਸਤਾਬਦੀ ਸਮਾਰੋਹ ਨੂੰ ਸੁਚੱਜੇ ਢੰਗ ਨਾਲ ਮਨਾਉਣ ਬਾਰੇ।

ਉਕਤ ਵਿਸੇ ਸਬੰਧੀ ਹੇਠ ਲਿਖੇ ਅਨੁਸਾਰ ਕਾਰਵਾਈ ਯਕੀਨੀ ਬਣਾਈ ਜਾਵੇ:-

1. ਸਕੂਲ ਪੱਧਰ ਤੇ ਸਤਿਗੁਰ ਰਾਮ ਸਿੰਘ, ਕੂਕਾ ਲਹਿਰ ਸਬੰਧੀ ਵੱਖ ਵੱਖ ਵਿਸਿਆਂ ਤੇ ਭਾਸਨ ਪ੍ਰਤੀ ਯੋਗਤਾ ਦਾ ਆਯੋਜਨ ਕੀਤਾ ਜਾਵੇ ਅਤੇ ਪੇਟਿੰਗ ਮੁਕਾਬਲੇ ਕਰਵਾਏ ਜਾਣ।
2. ਸਕੂਲਾਂ ਵਿੱਚੋਂ ਬਾਹਰੋਂ ਇਤਹਾਸਕਾਰ ਬੁਧਜੀਵੀ ਰੀਸਰਚ ਸਕਾਲਰ, ਅਤੇ ਹਿਸਟਰੀ ਦੇ ਲੈਕਚਰਾਰ, ਹਿਸਟਰੀ ਦੀ ਮਾਹਰ ਮੰਗਵਾ ਕੇ ਸਕੂਲ ਦੇ ਹਰੇਕ ਜਮਾਤ ਵਿੱਚ ਲੈਕਚਰ ਕਰਵਾਏ ਜਾਣ।
3. ਜਿਲੇ ਦੇ ਸਾਰੇ ਸਕੂਲਾਂ ਦੀਆਂ ਲਾਇਬਰੇਰੀਆਂ ਵਿੱਚ ਸਤਿਗੁਰ ਰਾਮ ਸਿੰਘ ਅਤੇ ਕੂਕਾ ਮੂਵਮੈਂਟ ਸਬੰਧੀ ਤਸਵੀਰਾਂ ਲਗਵਾਈਆ ਜਾਣ।
4. ਲੜਕੀਆਂ ਦੇ ਸਕੂਲਾਂ ਵਿੱਚ ਸ੍ਰੀ ਸਤਿਗੁਰ ਰਾਮ ਸਿੰਘ ਵੱਲੋਂ ਇਸਤਰੀ ਜਾਤੀ ਪ੍ਰਤੀ ਕੁਰੀਤੀਆਂ, ਦਾਜ ਰਹਿਤ ਵਿਆਹ, ਬਾਲ ਵਿਆਹ , ਜੰਮਦੀਆਂ ਕੁੜੀਆਂ ਮਾਰਨਾ , ਭਰੂਣ ਹਤਿਆ, ਕੁਰੀਤੀਆਂ ਦੂਰ ਕਰਨ ਸਬੰਧੀ ਉਪਰਾਲੇ ਸਬੰਧੀ ਸੈਮੀਨਾਰ ਕਰਵਾਏ ਜਾਣ।
5. ਸ੍ਰੀ ਸਤਿਗੁਰ ਰਾਮ ਸਿੰਘ ਜੀ ਵੱਲੋਂ , ਕੂਕਾ ਮੂਵਮੈਂਟ ਸਬੰਧੀ ਘਟੋ ਘੱਟ ਇਕ ਸੈਮੀਨਾਰ ਹਰ ਸਕੂਲ ਵਿੱਚ ਹੋਵੇ ਅਤੇ ਇਨਾਂ ਦੀਆਂ ਮਿਤੀਆਂ, ਸਮਾਂ ਤੇ ਸਥਾਨ ਨਾਮਧਾਰੀ ਦਰਬਾਰ ਸ੍ਰੀ ਸੁਰਿੰਦਰ , ਨਾਮਧਾਰੀ ਵਾਈਸ ਚੇਅਰਮੈਨ ਕੂਕਾ ਸਹੀਦ ਯਾਦਗਾਰੀ ਟਰੱਸਟ ਮੀਤ ਪ੍ਰਧਾਨ, ਨਾਮਧਾਰੀ ਦਰਬਾਰ ਨੂੰ ਵੀ ਦੱਸਿਆ ਜਾਵੇ।

ਡਿਪਟੀ ਡਾਇਰੈਕਟਰ (ਸੈ:ਸਿ)।

ਪਿੱਠ ਅੰਕਣ ਨੰਬਰ : ਉਕਤ ਮਿਤੀ: ਚੰਡੀਗੜ੍ਹ:

ਉਤਾਰਾ ਸ੍ਰੀ ਸੁਰਿੰਦਰ ਸਿੰਘ, ਨਾਮਧਾਰੀ ਵਾਈਸ ਚੇਅਰਮੈਨ, ਕੂਕਾ ਸਹੀਦ ਯਾਦਗਾਰੀ ਟਰੱਸਟ ਮੀਤ ਪ੍ਰਧਾਨ ਨਾਮ ਧਾਰੀ ਟਰੱਸਟ , ਸਹੀਦੀ ਸਮਾਰਕ, ਨਿਯੂ ਸਿਵਲ ਹਸਪਤਾਲ , ਜੇਲ ਰੋਡ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਮਿਡਲ, ਹਾਈ,ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ 5439 ਹੈ।

ਡਿਪਟੀ ਡਾਇਰੈਕਟਰ (ਸੈ:ਸਿ)।

ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ:) ਫਿਰੋਜ਼ਪੁਰ

ਪ.ਸ.ਨੰ. ਪੀ-4/2016-2930 ਮਿਤੀ ਫਿਰੋਜ਼ਪੁਰ: 1/2/16